**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ-2 ਸ਼ਾਖਾ)**

ਸੇਵਾ ਵਿਖੇ

1. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ)/(ਐ.ਸਿ),
ਪੰਜਾਬ ਚੰਡੀਗੜ੍ਹ
2. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ,
ਚੰਡੀਗੜ੍ਹ

**ਮੀਮੋ ਨੰ:3/54-09/1ਸਿ2/3475-3477**
ਮਿਤੀ ਚੰਡੀਗੜ੍ਹ:-18-06-2009

**ਵਿਸ਼ਾ:-** **ਪੰਜਾਬ ਸਿੱਖਿਆ ਵਿਭਾਗ ਵਿੱਚ ਸਾਲ 2009-2010 ਦੌਰਾਨ ਅਧਿਆਪਕ ਵਰਗ ਦੀਆਂ ਆਮ ਬਦਲੀਆਂ ਸਬੰਧੀ ਨੀਤੀ।**

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਪੰਜਾਬ ਰਾਜ ਦੇ ਸਕੂਲ ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਅਧਿਆਪਕਾਂ ਦੀਆਂ ਸਾਲ 2009-2010 ਦੌਰਾਨ ਬਦਲੀਆਂ ਕਰਨ ਸਬੰਧੀ ਸਿੱਖਿਆ ਵਿਭਾਗ ਦੀ ਨੀਤੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ :-

1. ਬਦਲੀਆਂ ਕਰਵਾਉਣ ਦੇ ਚਾਹਵਾਨ ਅਧਿਆਪਕ ਨਿਰਧਾਰਤ ਪ੍ਰੋਫਾਰਮੇ ਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਯੋਗ ਪ੍ਰਣਾਲੀ ਰਾਹੀਂ ਅਰਜੀਆਂ ਮਿਤੀ 25-06-09 ਤੱਕ ਭੇ੧ ਸਕਣਗੇ। ਜੇਕਰ ਕੋਈ ਅਧਿਆਪਕ ਮਾਨਯੋਗ ਮੁੱਖ ਮੰਤਰੀ ਜੀ/ਸਿੱਖਿਆ ਮੰਤਰੀ ਜੀ ਜਾਂ ਹੋਰ ਚੁਣੇ ਗਏ ਲੋਕ ਨੁਮਾਇੰਦਿਆਂ ਨੂੰ ਆਪਣੀ ਪ੍ਰਤੀ ਬੇਨਤੀ ਦਿੰਦਾ ਹੈ ਤਾਂ ਉਹ ਲੋੜੀਂਦੇ ਪ੍ਰੋਫਾਰਮੇ ਵਿੱਚ ਵੀ ਉਕਤ ਦਰਜ ਕੀਤੇ ਅਨੁਸਾਰ ਅਰਜੀ ਦੇਣਗੇ।
2. ਜ਼ਿਲ੍ਹਾ ਸਿੱਖਿਆ ਅਫਸਰ ਇਨ੍ਹਾਂ ਅਰਜੀਆਂ ਨੂੰ ਪ੍ਰੋਸੈਸ ਕਰਕੇ ਅੰਤਰ ਜ਼ਿਲ੍ਹਾ ਬੰਦੀਆਂ ਮੰਡਲ ਸਿੱਖਿਆ ਅਫਸਰ, ਅੰਤਰ ਮੰਡਲ ਬਦਲੀਆਂ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਚੰਡੀਗੜ੍ਹ ਨੂੰ ਭੇਜਣਗੇ।
3. ਜ਼ਿਲ੍ਹੇ ਅੰਦਰ ਬਦਲੀਆਂ ਜ਼ਿਲ੍ਹਾ ਸਿੱਖਿਆ ਅਫਸਰਾਂ ਵਲੋਂ ਮਿਤੀ 26-06-09 ਤੋਂ 30-06-09 ਤੱਕ, ਅੰਤਰ ਜ਼ਿਲ੍ਹਾ ਬਦਲੀਆਂ ਮੰਡਲ ਸਿੱਖਿਆ ਅਫਸਰ ਵਲੋਂ 02-07-09 ਤੋਂ 05-07-09 ਤੱਕ ਅੰਤਰ ਮੰਡਲ ਬਦਲੀਆਂ ਸਬੰਧਤ ਡੀ.ਪੀ.ਆਈ ਵਲੋਂ ਮਿਤੀ 07-07-09 ਤੋਂ 13-07-09 ਤੱਕ ਕੀਤੀਆਂ ਜਾਣਗੀਆਂ। ਸਾਰੇ ਸਬੰਧਤ ਕਰਮਚਾਰੀਆਂ ਨੂੰ ਮਿਤੀ 15-07-09 ਤੱਕ ਆਪਣੀ-ਆਪਣੀ ਨਵੀਂ ਤੈਨਾਤੀ ਵਾਲੀ ਥਾਂ ਤੇ ਹਾਜਰ ਹੋਣਾ ਹੋਵੇਗਾ।
4. ਬਦਲੀ ਦੇ ਚਾਹਵਾਨ ਅਧਿਆਪਕ ਬੇਨਤੀ ਪੱਤਰ ਵਿੱਚ ਆਪਣੀ ਬਦਲੀ ਲਈ ਘੱਟੋਂ-ਘੱਟ ਤਿੰਨ ਸਟੇਸ਼ਨਾਂ ਲਈ ਆਪਸ਼ਨ ਭਰਨਗੇ ਅਤੇ ਸਟੇਸ਼ਨ ਖਾਲੀ ਹੋਣ ਦੀ ਸੂਰਤ ਵਿੱਚ ਹੀ ਦਿੱਤਾ ਜਾਣਾ ਸੰਭਵ ਹੋਵੇਗਾ।
5. ਬਦਲੀਆਂ ਸਿਰਫ ਖਾਲੀ ਆਸਾਮੀਆਂ ਤੇ ਹੀ ਕੀਤੀਆਂ ਜਾਣਗੀਆਂ।
6. ਉਹ ਅਧਿਆਪਕ ਜੋ ਬਿਨ੍ਹਾਂ ਆਗਿਆ ਤੋਂ ਛੁੱਟੀ ਤੇ ਰਹੇ ਹਨ/ਡਿਊਟੀ ਤੋਂ ਗ਼ੈਰਹਾਜ਼ਰ ਰਹਿੰਦੇ ਹਨ। ਬਦਲੀ ਲਈ, ਆਪਸੀ ਬਦਲੀ ਲਈ ਬਿਨੈ ਪੱਤਰ ਨਹੀਂ ਦੇ ਸਕਣਗੇ।

7. ਜੋ ਅਧਿਆਪਕ ਪਿਛਲੇ 2 ਸਾਲਾਂ ਤੋਂ ਪ੍ਰਬੰਧਕੀ ਆਧਾਰ ਤੇ ਬਦਲੇ ਗਏ ਹਨ, ਉਹਨਾਂ ਨੂੰ ਬਦਲੀ ਲਈ ਨਹੀਂ ਵਿਚਾਰਿਆ ਗਿਆ।

8. ਪ੍ਰਬੰਧਕੀ ਆਧਾਰ ਤੋਂ ਹੋਈ ਬਦਲੀ ਵਾਲੇ ਕਰਮਚਾਰੀ ਨੂੰ ਤਾਂ ਹੀ ਵਿਚਾਰਿਆ ਜਾਵੇਗਾ ਜੇਕਰ ਉਹ ਪਹਿਲਾਂ ਕੀਤੀ ਬਦਲੀ ਵਾਲੇ ਸਥਾਨ ਤੇ ਹਾਜ਼ਰ ਹੋਇਆ ਹੋਵੇ ਅਤੇ ਕਰਮਚਾਰੀ ਦੀ ਪ੍ਰਫਾਰਮੈਂਸ 2 ਸਾਲਾਂ ਦੌਰਾਨ ਚੰਗੀ ਹੋਵੇ।

9. ਨਿਮਨ-ਲਿਖਤ ਨੂੰ ਬਦਲੀਆਂ ਸਮੇਂ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ:-

ੳ) ਅੰਗਹੀਣ ਅਧਿਆਪਕ (100% ਬਲਾਇੰਡ ਅਤੇ 70% ਜਾਂ ਵੱਧ ਲੱਤਾਂ ਤੋਂ ਅੰਗਹੀਣ) ਨੂੰ ਤਰਜੀਹ ਦਿੱਤੀ ਜਾਵੇਗੀ।

ਅ) ਕਰੋਨਿਕ ਬਿਮਾਰੀਆਂ ਸਬੰਧੀ ਸਿਵਲ ਸਰਜਨ ਦੁਆਰਾ ਜਾਰੀ ਸਰਟੀਫਿਕੇਟ ਮੰਨਣਯੋਗ ਹੋਵੇਗਾ।

ੲ) ਵਿਧਵਾਵਾਂ /ਡਿਜਰਟਿਡ ਲੇਡੀਜ਼ /ਤਲਾਕਸ਼ੁਦਾ ਔਰਤਾਂ

ਸ) ਨੌਕਰੀ ਕਰ ਰਹੇ ਫੌਜੀ ਦੀ ਪਤਨੀ

ਹ) ਕੁਆਰੀਆਂ ਲੜਕੀਆਂ

ਕ) ਨਵਵਿਵਾਹਿਤ ਲੜਕੀਆਂ ਨੂੰ ਸਿਰਫ ਇੱਕ ਵਾਰ ਬਦਲੀ ਲਈ ਪਹਿਲ ਦਿੱਤੀ ਜਾਵੇਗੀ।

ਖ) ਮੁਲਾਜ਼ਮ ਜਿਹਨਾਂ ਦੇ ਬੱਚੇ ਦਿਮਾਗੀ ਤੌਰ ਤੇ/ਜਾਂ ਕਿਸੇ ਹੋਰ ਗੰਭੀਰ ਬਿਮਾਰੀ ਤੋਂ ਪੀੜਤ ਹੋਣ ਦਾ ਸਰਟੀਫਿਕੇਟ ਨੱਥੀ ਹੋਣ ਦੀ ਸੂਰਤ ਵਿੱਚ।

10. ਆਪਸੀ ਬਦਲੀ ਸਮੇਂ ਜਿਹਨਾਂ ਕਰਮਚਾਰੀਆਂ ਦੀ ਰਿਟਾਇਰਮੈਂਟ ਮਿਤੀ 31-03-2011 ਤੱਕ ਹੈ, ਉਹ ਆਪਸੀ ਬਦਲੀ ਲਈ ਬਿਨੈ ਪੱਤਰ ਨਹੀਂ ਦੇ ਸਕਣਗੇ।

11. ਜੇਕਰ ਕਿਸੇ ਸਕੂਲ ਵਿੱਚ ਦਾਖਲ ਬੱਚਿਆਂ ਦੀ ਗਿਣਤੀ ਨੂੰ ਮੁੱਖ ਰਖਦੇ ਹੋਏ ਖਾਲੀ ਪਈ ਆਸਾਮੀ ਵਾਧੂ ਬਣਦੀ ਹੋਵੇ ਤਾਂ ਉਸ ਆਸਾਮੀ ਤੇ ਕਿਸੇ ਅਧਿਆਪਕ ਨੂੰ ਨਹੀਂ ਬਦਲਿਆ ਜਾਵੇਗਾ, ਜੇਕਰ ਫਿਰ ਵੀ ਬਦਲੀ ਹੋ ਜਾਂਦੀ ਹੈ ਤਾਂ ਅਜਿਹਾ ਅਧਿਆਪਕ ਹਾਜ਼ਰ ਨਾ ਕਰਵਾਇਆ ਜਾਵੇ। ਅਜਿਹੀ ਬਦਲੀ ਲਾਗੂ ਹੋ ਜਾਣ ਦੀ ਸੂਰਤ ਵਿੱਚ ਸੰਸਥਾ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇਗੀ।

12. ਬਦਲੀ ਸਿਰਫ ਮੰਨਜ਼ੂਰਸ਼ੁਦਾ ਆਸਾਮੀ ਹੋਣ ਦੀ ਸੂਰਤ ਵਿੱਚ ਹੀ ਕੀਤੀ ਜਾਵੇਗੀ, ਆਸਾਮੀ ਸਮੇਤ ਜਾਂ ਡੈਪੂਟੇਸ਼ਨ ਦੁਆਰਾ ਕੋਈ ਬਦਲੀ ਨਹੀਂ ਕੀਤੀ ਜਾਵੇਗੀ।

13. ਪਿਛਲੇ 2 ਸਾਲਾਂ ਦੇ ਚੰਗੇ ਨਤੀਜੇ ਜੋ ਬੋਰਡ ਦੇ ਸਾਲਾਨਾ ਨਤੀਜਿਆਂ ਤੋਂ ਵੱਧ ਹੋਣ ਦੀ ਸੂਰਤ ਵਿੱਚ ਉਸ ਅਧਿਆਪਕ ਨੂੰ ਬਦਲੀਆਂ ਸਮੇਂ ਪਹਿਲ ਦਿੱਤੀ ਜਾਵੇਗੀ। ਇਹ ਨਤੀਜੇ 2 ਸਾਲ ਦੇ ਕੁੱਲ ਬੋਰਡ ਦੇ ਨਤੀਜਿਆਂ ਨੂੰ ਗਿਨਣ ਉਪਰੰਤ ਵਿਚਾਰੇ ਜਾਣਗੇ। ਸਕੂਲ ਦੀਆਂ ਪ੍ਰੀਖਿਆਵਾਂ ਇਸ ਵਿੱਚ ਸ਼ਾਮਿਲ ਨਹੀਂ ਹੋਣਗੀਆਂ।

14. ਪ੍ਰਾਇਮਰੀ ਵਿੰਗ ਦੀਆਂ ਬਦਲੀਆਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਦੁਆਰਾ ਅਤੇ ਅੰਤਰ ਜ਼ਿਲ੍ਹਾ ਬਦਲੀਆਂ ਡੀ.ਪੀ.ਆਈ (ਐਲੀ.ਸਿਖਿ) ਵਲੋਂ ਕੀਤੀਆਂ ਜਾਣਗੀਆਂ। ਬਦਲੀ ਹੋਣ ਉਪਰੰਤ ਸਕੂਲ ਵਿੱਚ ਦੋ ਅਧਿਆਪਕ ਜ਼ਰੂਰ ਹੋਣੇ ਚਾਹੀਦੇ ਹਨ।

15. ਗਰੁੱਪ (A) ਅਤੇ ਗਰੁੱਪ (B) ਕੈਟਾਗਰੀ ਨਾਲ ਸਬੰਧਤ ਅਧਿਕਾਰੀਆਂ ਦੀਆਂ ਬਦਲੀਆਂ ਕੇਵਲ ਸਰਕਾਰ ਦੀ ਪੱਧਰ ਤੇ ਹੀ ਕੀਤੀਆਂ ਜਾਣਗੀਆਂ। ਗਰੁੱਪ (C) ਨਾਲ ਸਬੰਧਤ ਕਰਮਚਾਰੀਆਂ ਦੀਆਂ ਮੱਧਕਾਲੀਨ ਬਦਲੀਆਂ ਕੇਵਲ ਸਰਕਾਰ ਦੀ ਪ੍ਰਵਾਨਗੀ ਨਾਲ ਹੀ ਕੀਤੀਆਂ ਜਾਣਗੀਆਂ।

16. ਬਦਲੀਆਂ ਸਹੀ ਭਾਵਨਾ/ਹਦਾਇਤਾਂ ਅਨੁਸਾਰ ਲਾਗੂ ਕੀਤੀਆਂ ਜਾਣਗੀਆਂ, ਪਰ ਵਿਭਾਗ ਸਰਕਾਰ ਲੋਕ ਹਿੱਤ ਵਿੱਚ ਘੱਟ ਨਤੀਜਿਆਂ ਕਾਰਨ ਜਾਂ ਹੋਰ ਕਾਰਨਾਂ ਕਰਕੇ/ਪ੍ਰਬੰਧਕੀ ਆਧਾਰ/ਸ਼ਿਕਾਇਤ/ਨਾਨ-ਪ੍ਰਫਾਰਮੈਂਸ ਕਾਰਨ ਕਿਸੇ ਵੀ ਕਰਮਚਾਰੀ ਦੀ ਬਦਲੀ ਕਿਸੇ ਵੀ ਥਾਂ ਤੇ ਕਿਸੇ ਵੀ ਸਮੇਂ ਕਰ ਸਕੇਗੀ।

17. ਬਦਲੀਆਂ ਵੈਬਸਾਈਟ www.ssapunjab.org ਤੇ ਉਪਲੱਬਧ ਹੋਣਗੀਆਂ ਜੋ ਵੈਬਸਾਈਟ ਤੋਂ ਸਬੰਧਤ ਬਦਲੀ ਦੇ ਹੁਕਮ ਡਾਊਨਲੋਡ ਕਰਨ ਉਪਰੰਤ ਸੰਸਥਾ ਦੇ ਮੁੱਖੀ ਕੋਲ ਹਾਜ਼ਰ ਹੋ ਸਕਣਗੇ ਅਤੇ ਬਦਲੀ ਹੋਈ ਸਬੰਧੀ ਸੰਸਥਾ ਮੁੱਖੀ ਦੀ ਵੈਬਸਾਈਟ ਤੋਂ ਆਪਣੀ ਪੱਧਰ ਤੇ ਪੁਸ਼ਟੀ ਕਰਨ ਦੀ ਜ਼ਿੰਮੇਵਾਰੀ ਹੋਵੇਗੀ। ਸੰਸਥਾ ਮੁੱਖੀ ਹਾਜ਼ਰ/ਫਾਰਗ ਕਰਨ ਉਪਰੰਤ ਇਸ ਦੀ ਸੂਚਨਾ ਉਸੇ ਸਮੇਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਦੇਣਾ ਯਕੀਨੀ ਬਣਾਉਣਗੇ। ਜ਼ਿਲ੍ਹਾ ਸਿੱਖਿਆ ਅਫਸਰ ਆਪਣੀ ਵੈਬਸਾਈਟ ਤੇ ਹਾਜਰ /ਫਾਰਗ ਹੋਏ ਅਧਿਆਪਕਾਂ ਦੀਆਂ ਸੂਚਨਾਵਾਂ ਅਨੁਸਾਰ ਰੋਜ਼ਾਨਾ ਅਪਡੇਟ ਕਰਨਗੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਸਟੇਸ਼ਨ ਖਾਲੀ ਮੰਨੇ ਜਾਣਗੇ। ਫਿਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਬਦਲੀਆਂ ਦੇ ਹੁਕਮਾਂ ਨੂੰ ਪਿੱਠ ਅੰਕਣ ਕੀਤੇ ਬਿਨ੍ਹਾਂ ਹੀ ਲਾਗੂ ਕਰਨ ਲਈ ਸਕੂਲ/ਸੰਸਥਾ ਮੁੱਖੀ ਜ਼ਿੰਮੇਵਾਰ ਹੋਵੇਗਾ ਅਤੇ ਕਿਸੇ ਹੋਈ ਬਦਲੀ ਵਾਲੇ ਨੂੰ ਹਾਜ਼ਰ/ਫਾਰਗ ਕਰਨ ਵਿੱਚ ਦੇਰੀ ਨਹੀਂ ਕਰੇਗਾ। ਬਦਲੀ ਹੋਈ ਜਾਂ ਨਾ ਹੋਈ ਸਬੰਧੀ ਬਦਲੀ ਅਪਲਾਈ ਕਰਨ ਵਾਲੇ ਅਧਿਆਪਕ ਰੋਜ਼ਾਨਾ ਵੈਬਸਾਈਟ www.ssapunjab.org ਵੇਖਣ ਦੀ ਖੇਚਲ ਕਰਨ।
18. ਨਿਰਧਾਰਤ ਸ਼ਰਤਾਂ ਵਿੱਚ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ/ਸਿੱਖਿਆ ਮੰਤਰੀ ਦੁਆਰਾ ਢਿੱਲ ਦਿੱਤੀ ਜਾ ਸਕਦੀ ਹੈ।
19. ਵਿਭਾਗ ਦੁਆਰਾ ਕਿਸੇ ਵੀ ਕਾਰਨ ਆਮ ਲੋਕ ਹਿੱਤ ਵਿੱਚ ਬਦਲੀ ਕੀਤੀ ਜਾ ਸਕਦੀ ਹੈ।

ਕੋਈ ਵੀ ਬਦਲੀ ਇਲੈਕਸ਼ਨ ਕਮਿਸ਼ਨ ਆਫ ਇੰਡੀਆ ਜਾਂ ਸਟੇਟ ਇਲੈਕਸ਼ਨ ਕਮਿਸ਼ਨ ਦੁਆਰਾ ਲਾਗੂ ਕੀਤੇ ਗਏ ਆਫ ਕੰਡਕਟ ਦੀ ਉਲੰਘਣਾ ਵਿੱਚ ਨਹੀਂ ਕੀਤੀ ਜਾਵੇਗੀ।

**ਸੁਪਰਡੰਟ**

**ਪਿੱਠ ਅੰਕਣ ਨੰ:**3/54/09-1ਸਿ2/3478-80 **ਮਿਤੀ: ਚੰਡੀਗੜ੍ਹ:** 18-06-09

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੰਡਲ ਸਿੱਖਿਆ ਅਫਸਰ, ਨਾਭਾ (ਪਟਿਆਲਾ), ਜਲੰਧਰ ਅਤੇ ਫਰੀਦਕੋਟ।
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)/(ਐ.ਸਿ)।
3. ਸੁਪਰਡੰਟ, ਸਿੱਖਿਆ-3,4,5,6 ਅਤੇ 7 ਸ਼ਾਖਾ।

**ਸੁਪਰਡੰਟ**

**ਅੰਦਰੂਨੀ ਵੰਡ :-**

1. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਸੰਸਦੀ ਸਕੱਤਰ, ਸਿੱਖਿਆ।
3. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਸਿੱਖਿਆ।
4. ਨਿੱਜੀ ਸਕੱਤਰ/ਡਾਇਰੈਕਟਰ ਜਨਰਲ ਸਕੂਲ ਸਿੱਖਿਆ।